Hey Jane

**ਆਖਰੀ ਵਾਰ ਅੱਪਡੇਟ ਕੀਤਾ ਗਿਆ: 11 ਅਗਸਤ, 2023**

**ਸੁਰੱਖਿਅਤ ਸਿਹਤ ਜਾਣਕਾਰੀ ਲਈ ਗੋਪਨੀਯਤਾ ਅਭਿਆਸਾਂ ਦਾ ਨੋਟਿਸ**

# ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ। ਤੁਹਾਡੇ ਅਧਿਕਾਰ। ਸਾਡੀਆਂ ਜ਼ਿੰਮੇਵਾਰੀਆਂ।

ਗੋਪਨੀਯਤਾ ਅਭਿਆਸਾਂ ਦਾ ਇਹ ਨੋਟਿਸ ("ਨੋਟਿਸ") ਵਰਣਨ ਕਰਦਾ ਹੈ ਕਿ Possible Health Medical PC, Possible Health NJ PC, Possible Health CA PC, Jane Medical PLLC, Hey Health PC, ਅਤੇ Possible Health LLC ("Hey Jane PCs") ਦੁਆਰਾ ਜਾਂ ਉਹਨਾਂ ਦੀ ਤਰਫੋਂ ਇਕੱਠੀ ਕੀਤੀ ਗਈ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ (ਅਜਿਹੀ ਜਾਣਕਾਰੀ, "PHI") ਨੂੰ ਕਿਵੇਂ ਵਰਤਿਆ ਅਤੇ ਪ੍ਰਗਟ ਕੀਤਾ ਜਾ ਸਕਦਾ ਹੈ ਅਤੇ ਤੁਸੀਂ ਆਪਣੀ PHI ਤੱਕ ਕਿਵੇਂ ਪਹੁੰਚ ਪ੍ਰਾਪਤ ਕਰ ਸਕਦੇ ਹੋ। ਸਾਡਾ ਗੋਪਨੀਯਤਾ ਅਭਿਆਸਾਂ ਦਾ ਨੋਟਿਸ ਉਹਨਾਂ ਸੇਵਾਵਾਂ 'ਤੇ ਲਾਗੂ ਨਹੀਂ ਹੁੰਦਾ ਹੈ ਜੋ Hey Jane PCs ਦੁਆਰਾ ਜਾਂ ਉਹਨਾਂ ਦੀ ਤਰਫੋਂ ਪੇਸ਼ **ਨਹੀਂ** ਕੀਤੀਆਂ ਜਾਂਦੀਆਂ ਹਨ, ਜਿਵੇਂ ਕਿ Un-Whisper Network, The Lounge, ਅਤੇ www.heyjane.com 'ਤੇ ਕੁਝ ਗੈਰ-ਪ੍ਰਮਾਣਿਤ ਵੈਬਪੇਜ ਜੋ ਕਲੀਨਿਕਲ ਸੇਵਾਵਾਂ ਲਈ ਦਾਖਲਾ ਬਿੰਦੂ ਨਹੀਂ ਹਨ। ਅਜਿਹੀਆਂ ਸੇਵਾਵਾਂ https://www.heyjane.com/privacy 'ਤੇ ਉਪਲਬਧ ਗੋਪਨੀਯਤਾ ਨੀਤੀ ਦੇ ਅਧੀਨ ਹਨ। ਕਿਰਪਾ ਕਰਕੇ ਇਸ ਨੋਟਿਸ ਦੀ ਧਿਆਨ ਨਾਲ ਸਮੀਖਿਆ ਕਰੋ।

## ਤੁਹਾਡੇ ਅਧਿਕਾਰ

ਤੁਹਾਡੇ ਕੋਲ ਇਹ ਅਧਿਕਾਰ ਹਨ:

- ਆਪਣੇ ਕਾਗਜ਼ੀ ਜਾਂ ਇਲੈਕਟ੍ਰਾਨਿਕ ਮੈਡੀਕਲ ਰਿਕਾਰਡ ਦੀ ਇੱਕ ਕਾਪੀ ਪ੍ਰਾਪਤ ਕਰਨਾ
- ਆਪਣੇ ਕਾਗਜ਼ੀ ਜਾਂ ਇਲੈਕਟ੍ਰਾਨਿਕ ਮੈਡੀਕਲ ਰਿਕਾਰਡ ਨੂੰ ਠੀਕ ਕਰਨਾ
- ਗੁਪਤ ਸੰਚਾਰ ਦੀ ਬੇਨਤੀ ਕਰਨਾ
- ਸਾਨੂੰ ਉਸ PHI ਨੂੰ ਸੀਮਤ ਕਰਨ ਲਈ ਕਹਿਣਾ ਜੋ ਅਸੀਂ ਸਾਂਝਾ ਕਰਦੇ ਹਾਂ
- ਉਹਨਾਂ ਲੋਕਾਂ ਦੀ ਸੂਚੀ ਪ੍ਰਾਪਤ ਕਰਨਾ ਜਿਨ੍ਹਾਂ ਨਾਲ ਅਸੀਂ ਤੁਹਾਡੀ PHI ਸਾਂਝੀ ਕੀਤੀ ਹੈ
- ਇਸ ਗੋਪਨੀਯਤਾ ਨੋਟਿਸ ਦੀ ਇੱਕ ਕਾਪੀ ਪ੍ਰਾਪਤ ਕਰਨਾ
- ਤੁਹਾਡੇ ਲਈ ਕੰਮ ਕਰਨ ਲਈ ਕਿਸੇ ਨੂੰ ਚੁਣਨਾ
- ਸ਼ਿਕਾਇਤ ਦਰਜ ਕਰਨਾ ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਗੋਪਨੀਯਤਾ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ

## ਤੁਹਾਡੀਆਂ ਚੋਣਾਂ

ਸਾਡੇ ਦੁਆਰਾ PHI ਨੂੰ ਵਰਤਣ ਅਤੇ ਸਾਂਝਾ ਕਰਨ ਦੇ ਤਰੀਕੇ ਵਿੱਚ ਤੁਹਾਡੇ ਕੋਲ ਕੁਝ ਚੋਣਾਂ ਹਨ ਜਦੋਂ ਅਸੀਂ:

- ਪਰਿਵਾਰ ਅਤੇ ਦੋਸਤਾਂ ਨੂੰ ਤੁਹਾਡੀ ਸਥਿਤੀ ਬਾਰੇ ਦੱਸਦੇ ਹਾਂ
- ਆਫ਼ਤ ਰਾਹਤ ਪ੍ਰਦਾਨ ਕਰਦੇ ਹਾਂ
- ਤੁਹਾਨੂੰ ਹਸਪਤਾਲ ਦੀ ਡਾਇਰੈਕਟਰੀ ਵਿੱਚ ਸ਼ਾਮਲ ਕਰਦੇ ਹਾਂ
- ਮਾਨਸਿਕ ਸਿਹਤ ਦੇਖਭਾਲ ਪ੍ਰਦਾਨ ਕਰਦੇ ਹਾਂ
- ਸਾਡੀਆਂ ਸੇਵਾਵਾਂ ਦੀ ਮਾਰਕੀਟਿੰਗ ਕਰਦੇ ਹਾਂ ਅਤੇ ਤੁਹਾਡੀ PHI ਵੇਚਦੇ ਹਾਂ
- ਫੰਡ ਇਕੱਠਾ ਕਰਦੇ ਹਾਂ

## ਸਾਡੀਆਂ ਵਰਤੋਂ ਅਤੇ ਖੁਲਾਸੇ

ਅਸੀਂ ਤੁਹਾਡੀ PHI ਨੂੰ ਵਰਤ ਅਤੇ ਸਾਂਝਾ ਕਰ ਸਕਦੇ ਹਾਂ ਜਦੋਂ ਅਸੀਂ:

- ਤੁਹਾਡਾ ਇਲਾਜ ਕਰਦੇ ਹਾਂ
- ਸਾਡੀ ਸੰਸਥਾ ਚਲਾਉਂਦੇ ਹਾਂ
- ਤੁਹਾਡੀਆਂ ਸੇਵਾਵਾਂ ਲਈ ਬਿੱਲ ਦਿੰਦੇ ਹਾਂ
- ਜਨਤਕ ਸਿਹਤ ਅਤੇ ਸੁਰੱਖਿਆ ਮੁੱਦਿਆਂ ਵਿੱਚ ਮਦਦ ਕਰਦੇ ਹਾਂ
- ਖੋਜ ਕਰਦੇ ਹਾਂ
- ਕਾਨੂੰਨ ਦੀ ਪਾਲਣਾ ਕਰਦੇ ਹਾਂ
- ਮੈਡੀਕਲ ਜਾਂਚਕਰਤਾ ਜਾਂ ਫਿਊਨਰਲ ਡਾਇਰੈਕਟਰ (ਅੰਤਿਮ ਸੰਸਕਾਰ ਨਿਰਦੇਸ਼ਕ) ਨਾਲ ਕੰਮ ਕਰਦੇ ਹਾਂ
- ਵਰਕਰਾਂ ਦੇ ਮੁਆਵਜ਼ੇ, ਕਾਨੂੰਨ ਲਾਗੂ ਕਰਨ, ਅਤੇ ਹੋਰ ਸਰਕਾਰੀ ਬੇਨਤੀਆਂ ਨੂੰ ਸੰਬੋਧਿਤ ਕਰਦੇ ਹਾਂ
- ਮੁਕੱਦਮਿਆਂ ਅਤੇ ਕਾਨੂੰਨੀ ਕਾਰਵਾਈਆਂ ਦਾ ਜਵਾਬ ਦਿੰਦੇ ਹਾਂ

## ਤੁਹਾਡੇ ਅਧਿਕਾਰ

ਜਦੋਂ ਤੁਹਾਡੀ **PHI** ਦੀ ਗੱਲ ਆਉਂਦੀ ਹੈ, ਤਾਂ ਤੁਹਾਡੇ ਕੋਲ ਕੁਝ ਅਧਿਕਾਰ ਹਨ। ਇਹ ਭਾਗ ਤੁਹਾਡੇ ਅਧਿਕਾਰਾਂ ਅਤੇ ਤੁਹਾਡੀ ਮਦਦ ਕਰਨ ਲਈ ਸਾਡੀਆਂ ਕੁਝ ਜ਼ਿੰਮੇਵਾਰੀਆਂ ਬਾਰੇ ਦੱਸਦਾ ਹੈ।

Hey Jane

**ਆਪਣੇ ਮੈਡੀਕਲ ਰਿਕਾਰਡ ਦੀ ਇਲੈਕਟ੍ਰਾਨਿਕ ਜਾਂ ਕਾਗਜ਼ੀ ਕਾਪੀ ਪ੍ਰਾਪਤ ਕਰੋ**

- ਤੁਸੀਂ ਆਪਣੇ ਮੈਡੀਕਲ ਰਿਕਾਰਡ ਅਤੇ ਸਾਡੇ ਕੋਲ ਤੁਹਾਡੇ ਬਾਰੇ ਹੋਰ PHI ਦੀ ਇਲੈਕਟ੍ਰਾਨਿਕ ਜਾਂ ਕਾਗਜ਼ੀ ਕਾਪੀ ਦੇਖਣ ਜਾਂ ਪ੍ਰਾਪਤ ਕਰਨ ਲਈ ਕਹਿ ਸਕਦੇ ਹੋ। ਸਾਨੂੰ ਪੁੱਛੋ ਕਿ ਇਹ ਕਿਵੇਂ ਕਰਨਾ ਹੈ।
- ਅਸੀਂ ਆਮ ਤੌਰ 'ਤੇ ਤੁਹਾਡੀ ਬੇਨਤੀ ਦੇ 30 ਦਿਨਾਂ ਦੇ ਅੰਦਰ, ਤੁਹਾਡੀ PHI ਦੀ ਇੱਕ ਕਾਪੀ ਜਾਂ ਸਾਰਾਂਸ਼ ਪ੍ਰਦਾਨ ਕਰਾਂਗੇ। ਅਸੀਂ ਇੱਕ ਵਾਜਬ, ਲਾਗਤ-ਅਧਾਰਿਤ ਫੀਸ ਲੈ ਸਕਦੇ ਹਾਂ।

**ਆਪਣੇ ਮੈਡੀਕਲ ਰਿਕਾਰਡ ਨੂੰ ਠੀਕ ਕਰਨ ਲਈ ਸਾਨੂੰ ਕਹੋ**

- ਤੁਸੀਂ ਸਾਨੂੰ ਆਪਣੇ ਬਾਰੇ PHI ਨੂੰ ਠੀਕ ਕਰਨ ਲਈ ਕਹਿ ਸਕਦੇ ਹੋ ਜੋ ਤੁਹਾਨੂੰ ਲੱਗਦਾ ਹੈ ਕਿ ਗਲਤ ਜਾਂ ਅਧੂਰੀ ਹੈ। ਸਾਨੂੰ ਪੁੱਛੋ ਕਿ ਇਹ ਕਿਵੇਂ ਕਰਨਾ ਹੈ।
- ਅਸੀਂ ਤੁਹਾਡੀ ਬੇਨਤੀ ਨੂੰ "ਨਹੀਂ" ਕਹਿ ਸਕਦੇ ਹਾਂ, ਪਰ ਅਸੀਂ ਤੁਹਾਨੂੰ 60 ਦਿਨਾਂ ਦੇ ਅੰਦਰ ਲਿਖਤੀ ਰੂਪ ਵਿੱਚ ਇਸਦਾ ਕਾਰਨ ਦੱਸਾਂਗੇ।

**ਗੁਪਤ ਸੰਚਾਰ ਦੀ ਬੇਨਤੀ ਕਰੋ**

- ਤੁਸੀਂ ਸਾਨੂੰ ਕਿਸੇ ਖਾਸ ਤਰੀਕੇ ਨਾਲ ਸੰਪਰਕ ਕਰਨ ਲਈ (ਉਦਾਹਰਨ ਲਈ, ਘਰ ਜਾਂ ਦਫ਼ਤਰ ਦੇ ਫ਼ੋਨ) ਜਾਂ ਕਿਸੇ ਵੱਖਰੇ ਪਤੇ 'ਤੇ ਡਾਕ ਭੇਜਣ ਲਈ ਕਹਿ ਸਕਦੇ ਹੋ।
- ਅਸੀਂ ਸਾਰੀਆਂ ਵਾਜਬ ਬੇਨਤੀਆਂ ਲਈ "ਹਾਂ" ਕਹਾਂਗੇ।

**ਸਾਨੂੰ ਸੀਮਤ ਕਰਨ ਲਈ ਕਹੋ ਜੋ ਅਸੀਂ ਵਰਤਦੇ ਜਾਂ ਸਾਂਝਾ ਕਰਦੇ ਹਾਂ**

- ਤੁਸੀਂ ਸਾਨੂੰ ਇਲਾਜ, ਭੁਗਤਾਨ, ਜਾਂ ਸਾਡੇ ਕਾਰਜਾਂ ਲਈ ਕੁਝ PHI ਦੀ ਵਰਤੋਂ ਜਾਂ ਇਸ ਨੂੰ ਸਾਂਝਾ ਨਾ ਕਰਨ ਲਈ ਕਹਿ ਸਕਦੇ ਹੋ। ਸਾਡੇ ਲਈ ਤੁਹਾਡੀ ਬੇਨਤੀ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ, ਅਤੇ ਅਸੀਂ "ਨਹੀਂ" ਕਹਿ ਸਕਦੇ ਹਾਂ ਜੇਕਰ ਇਹ ਤੁਹਾਡੀ ਦੇਖਭਾਲ ਨੂੰ ਪ੍ਰਭਾਵਤ ਕਰੇਗਾ।
- ਜੇਕਰ ਤੁਸੀਂ ਕਿਸੇ ਸੇਵਾ ਜਾਂ ਸਿਹਤ ਸੰਭਾਲ ਆਈਟਮ ਲਈ ਪੂਰੀ ਤਰ੍ਹਾਂ ਆਪਣੀ ਜੇਬ ਤੋਂ ਭੁਗਤਾਨ ਕਰਦੇ ਹੋ, ਤਾਂ ਤੁਸੀਂ ਸਾਨੂੰ ਭੁਗਤਾਨ ਜਾਂ ਸਾਡੇ ਕਾਰਜਾਂ ਦੇ ਉਦੇਸ਼ ਲਈ ਉਸ PHI ਨੂੰ ਤੁਹਾਡੇ ਸਿਹਤ ਬੀਮਾਕਰਤਾ ਨਾਲ ਸਾਂਝਾ ਨਾ ਕਰਨ ਲਈ ਕਹਿ ਸਕਦੇ ਹੋ। ਅਸੀਂ "ਹਾਂ" ਕਹਾਂਗੇ ਜਦੋਂ ਤੱਕ ਕੋਈ ਕਾਨੂੰਨ ਸਾਡੇ ‘ਤੇ ਉਸ PHI ਨੂੰ ਸਾਂਝਾ ਕਰਨ ਦੀ ਲੋੜ ਨਹੀਂ ਲਗਾਉਂਦਾ।

**ਉਹਨਾਂ ਲੋਕਾਂ ਦੀ ਸੂਚੀ ਪ੍ਰਾਪਤ ਕਰੋ ਜਿਨ੍ਹਾਂ ਨਾਲ ਅਸੀਂ ਤੁਹਾਡੀ PHI ਸਾਂਝੀ ਕੀਤੀ ਹੈ**

- ਤੁਸੀਂ ਉਸ ਮਿਤੀ ਤੋਂ, ਜਦੋਂ ਤੁਸੀਂ ਇਹ ਮੰਗ ਕਰਦੇ ਹੋ, ਛੇ ਸਾਲ ਪਹਿਲਾਂ ਤੱਕ ਦੇ ਸਮੇਂ ਦੀ ਇੱਕ ਸੂਚੀ (ਲੇਖਾ-ਜੋਖਾ) ਮੰਗ ਸਕਦੇ ਹੋ ਜਦੋਂ ਅਸੀਂ ਤੁਹਾਡੀ PHI ਸਾਂਝੀ ਕੀਤੀ ਹੈ, ਅਸੀਂ ਇਹ ਕਿਸ ਨਾਲ ਸਾਂਝੀ ਕੀਤੀ ਹੈ, ਅਤੇ ਕਿਉਂ।
- ਅਸੀਂ ਇਲਾਜ, ਭੁਗਤਾਨ, ਅਤੇ ਸਿਹਤ ਸੰਭਾਲ ਕਾਰਜਾਂ, ਅਤੇ ਕੁਝ ਹੋਰ ਖੁਲਾਸਿਆਂ (ਜਿਵੇਂ ਕਿ ਜੋ ਤੁਸੀਂ ਸਾਨੂੰ ਕਰਨ ਲਈ ਕਿਹਾ ਸੀ) ਨੂੰ ਛੱਡ ਕੇ ਸਾਰੇ ਖੁਲਾਸੇ ਸ਼ਾਮਲ ਕਰਾਂਗੇ। ਅਸੀਂ ਪ੍ਰਤੀ ਸਾਲ ਇੱਕ ਲੇਖਾ-ਜੋਖਾ ਮੁਫ਼ਤ ਪ੍ਰਦਾਨ ਕਰ ਸਕਦੇ ਹਾਂ ਪਰ ਜੇਕਰ ਤੁਸੀਂ 12 ਮਹੀਨਿਆਂ ਦੇ ਅੰਦਰ ਇੱਕ ਹੋਰ ਦੀ ਮੰਗ ਕਰਦੇ ਹੋ ਤਾਂ ਇੱਕ ਵਾਜਬ, ਲਾਗਤ-ਅਧਾਰਿਤ ਫੀਸ ਲਵਾਂਗੇ।

**ਇਸ ਗੋਪਨੀਯਤਾ ਨੋਟਿਸ ਦੀ ਇੱਕ ਕਾਪੀ ਪ੍ਰਾਪਤ ਕਰੋ**

ਤੁਸੀਂ ਕਿਸੇ ਵੀ ਸਮੇਂ ਇਸ ਨੋਟਿਸ ਦੀ ਕਾਗਜ਼ੀ ਕਾਪੀ ਮੰਗ ਸਕਦੇ ਹੋ, ਭਾਵੇਂ ਤੁਸੀਂ ਇਲੈਕਟ੍ਰਾਨਿਕ ਤਰੀਕੇ ਨਾਲ ਨੋਟਿਸ ਪ੍ਰਾਪਤ ਕਰਨ ਲਈ ਸਹਿਮਤ ਹੋਏ ਹੋਵੋ। ਅਸੀਂ ਤੁਹਾਨੂੰ ਤੁਰੰਤ ਇੱਕ ਕਾਗਜ਼ੀ ਕਾਪੀ ਪ੍ਰਦਾਨ ਕਰਾਂਗੇ।

**ਤੁਹਾਡੇ ਲਈ ਕੰਮ ਕਰਨ ਲਈ ਕਿਸੇ ਨੂੰ ਚੁਣੋ**

- ਜੇਕਰ ਤੁਸੀਂ ਕਿਸੇ ਨੂੰ ਮੈਡੀਕਲ ਪਾਵਰ ਆਫ਼ ਅਟਾਰਨੀ ਦਿੱਤੀ ਹੈ ਜਾਂ ਜੇਕਰ ਕੋਈ ਤੁਹਾਡਾ ਕਾਨੂੰਨੀ ਸਰਪ੍ਰਸਤ ਹੈ, ਤਾਂ ਉਹ ਵਿਅਕਤੀ ਤੁਹਾਡੇ ਅਧਿਕਾਰਾਂ ਦੀ ਵਰਤੋਂ ਕਰ ਸਕਦਾ ਹੈ ਅਤੇ ਤੁਹਾਡੀ PHI ਬਾਰੇ ਚੋਣਾਂ ਕਰ ਸਕਦਾ ਹੈ।
- ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਅਸੀਂ ਯਕੀਨੀ ਬਣਾਵਾਂਗੇ ਕਿ ਵਿਅਕਤੀ ਕੋਲ ਇਹ ਅਧਿਕਾਰ ਹੈ ਅਤੇ ਉਹ ਤੁਹਾਡੇ ਲਈ ਕੰਮ ਕਰ ਸਕਦਾ ਹੈ।

**ਸ਼ਿਕਾਇਤ ਦਰਜ ਕਰੋ ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਹੋਈ ਹੈ**

- ਤੁਸੀਂ privacy@heyjane.co 'ਤੇ ਸਾਡੇ ਨਾਲ ਸੰਪਰਕ ਕਰਕੇ ਸ਼ਿਕਾਇਤ ਕਰ ਸਕਦੇ ਹੋ ਜੇਕਰ ਤੁਹਾਨੂੰ ਲੱਗਦਾ ਹੈ ਕਿ ਅਸੀਂ ਤੁਹਾਡੇ ਸਿਹਤ ਜਾਣਕਾਰੀ ਗੋਪਨੀਯਤਾ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ।
- ਤੁਸੀਂ U.S. Department of Health and Human Services Office for Civil Rights ਕੋਲ 200 Independence Avenue, S.W., Washington, D.C. 20201 'ਤੇ ਇੱਕ ਪੱਤਰ ਭੇਜ ਕੇ, 1-877-696-6775 'ਤੇ ਕਾਲ ਕਰਕੇ, ਜਾਂ **www.hhs.gov/ocr/privacy/hipaa/complaints/** 'ਤੇ ਜਾ ਕੇ ਸ਼ਿਕਾਇਤ ਦਰਜ ਕਰਵਾ ਸਕਦੇ ਹੋ।
- ਅਸੀਂ ਸ਼ਿਕਾਇਤ ਦਰਜ ਕਰਨ ਲਈ ਤੁਹਾਡੇ ਵਿਰੁੱਧ ਬਦਲਾ ਨਹੀਂ ਲਵਾਂਗੇ।

## ਤੁਹਾਡੀਆਂ ਚੋਣਾਂ

ਕੁਝ ਹਾਲਾਤਾਂ ਲਈ**,** ਤੁਸੀਂ ਸਾਨੂੰ **ਉਸ** ਬਾਰੇ ਆਪਣੀਆਂ ਚੋਣਾਂ ਦੱਸ ਸਕਦੇ ਹੋ ਜੋ ਅਸੀਂ ਸਾਂਝਾ ਕਰਦੇ ਹਾਂ। ਜੇਕਰ ਤੁਹਾਡੇ ਕੋਲ ਇਸ ਬਾਰੇ ਕੋਈ ਸਪੱਸ਼ਟ ਤਰਜੀਹ ਹੈ ਕਿ ਹੇਠਾਂ ਵਰਣਨ ਕੀਤੀਆਂ ਸਥਿਤੀਆਂ ਵਿੱਚ ਅਸੀਂ ਤੁਹਾਡੀ PHI ਨੂੰ ਕਿਵੇਂ ਸਾਂਝਾ ਕਰਦੇ ਹਾਂ, ਤਾਂ ਸਾਡੇ ਨਾਲ ਗੱਲ ਕਰੋ। ਸਾਨੂੰ ਦੱਸੋ ਕਿ ਤੁਸੀਂ ਕੀ ਚਾਹੁੰਦੇ ਹੋ ਕਿ ਅਸੀਂ ਕੀ ਕਰੀਏ, ਅਤੇ ਅਸੀਂ ਤੁਹਾਡੀਆਂ ਹਦਾਇਤਾਂ ਦੀ ਪਾਲਣਾ ਕਰਾਂਗੇ।

ਇਹਨਾਂ ਮਾਮਲਿਆਂ ਵਿੱਚ, ਤੁਹਾਡੇ ਕੋਲ ਸਾਨੂੰ ਇਹ ਦੱਸਣ ਦਾ ਅਧਿਕਾਰ ਅਤੇ ਚੋਣ ਦੋਵੇਂ ਹਨ:

- ਤੁਹਾਡੇ ਪਰਿਵਾਰ, ਨਜ਼ਦੀਕੀ ਦੋਸਤਾਂ, ਜਾਂ ਤੁਹਾਡੀ ਦੇਖਭਾਲ ਵਿੱਚ ਸ਼ਾਮਲ ਹੋਰਾਂ ਨਾਲ ਜਾਣਕਾਰੀ ਸਾਂਝੀ ਕਰਨੀ
- ਆਫ਼ਤ ਰਾਹਤ ਸਥਿਤੀ ਵਿੱਚ ਜਾਣਕਾਰੀ ਸਾਂਝੀ ਕਰਨੀ
- ਹਸਪਤਾਲ ਦੀ ਡਾਇਰੈਕਟਰੀ ਵਿੱਚ ਤੁਹਾਡੀ ਜਾਣਕਾਰੀ ਸ਼ਾਮਲ ਕਰਨੀ

ਜੇਕਰ ਤੁਸੀਂ ਸਾਨੂੰ ਆਪਣੀ ਤਰਜੀਹ ਨਹੀਂ ਦੱਸ ਸਕਦੇ ਹੋ, ਉਦਾਹਰਨ ਲਈ ਜੇਕਰ ਤੁਸੀਂ ਬੇਹੋਸ਼ ਹੋ, ਤਾਂ ਅਸੀਂ ਅੱਗੇ ਵਧ ਸਕਦੇ ਹਾਂ ਅਤੇ ਤੁਹਾਡੀ PHI ਸਾਂਝੀ ਕਰ ਸਕਦੇ ਹਾਂ ਜੇਕਰ ਸਾਨੂੰ ਲੱਗਦਾ ਹੈ ਕਿ ਇਹ ਤੁਹਾਡੇ ਬਿਹਤਰੀਨ ਹਿੱਤ ਵਿੱਚ ਹੈ। ਜਦੋਂ ਸਿਹਤ ਜਾਂ ਸੁਰੱਖਿਆ ਲਈ ਗੰਭੀਰ ਅਤੇ ਨਜ਼ਦੀਕੀ ਖਤਰੇ ਨੂੰ ਘੱਟ ਕਰਨ ਲਈ ਲੋੜੀਂਦਾ ਹੋਵੇ ਤਾਂ ਵੀ ਅਸੀਂ ਤੁਹਾਡੀ PHI ਸਾਂਝੀ ਕਰ ਸਕਦੇ ਹਾਂ।

ਇਹਨਾਂ ਮਾਮਲਿਆਂ ਵਿੱਚ, ਅਸੀਂ ਕਦੇ ਵੀ ਤੁਹਾਡੀ PHI ਸਾਂਝੀ ਨਹੀਂ ਕਰਦੇ ਹਾਂ ਜਦੋਂ ਤੱਕ ਤੁਸੀਂ ਸਾਨੂੰ ਲਿਖਤੀ ਇਜਾਜ਼ਤ ਨਹੀਂ ਦਿੰਦੇ:

- ਮਾਰਕੀਟਿੰਗ ਉਦੇਸ਼
- ਤੁਹਾਡੀ PHI ਦੀ ਵਿਕਰੀ
- ਮਨੋ-ਚਿਕਿਤਸਾ ਨੋਟਸ ਦੀ ਜ਼ਿਆਦਾਤਰ ਸਾਂਝ

ਫੰਡ ਇਕੱਠਾ ਕਰਨ ਦੇ ਮਾਮਲੇ ਵਿੱਚ:

- ਅਸੀਂ ਫੰਡ ਇਕੱਠਾ ਕਰਨ ਦੇ ਯਤਨਾਂ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ, ਪਰ ਤੁਸੀਂ ਸਾਨੂੰ ਦੁਬਾਰਾ ਸੰਪਰਕ ਨਾ ਕਰਨ ਲਈ ਕਹਿ ਸਕਦੇ ਹੋ।

## ਸਾਡੀਆਂ ਵਰਤੋਂ ਅਤੇ ਖੁਲਾਸੇ

### ਅਸੀਂ ਆਮ ਤੌਰ 'ਤੇ ਤੁਹਾਡੀ **PHI** ਦੀ ਵਰਤੋਂ ਜਾਂ ਸਾਂਝਾ ਕਿਵੇਂ ਕਰਦੇ ਹਾਂ?

ਅਸੀਂ ਆਮ ਤੌਰ 'ਤੇ ਹੇਠਾਂ ਦਿੱਤੇ ਤਰੀਕਿਆਂ ਨਾਲ ਤੁਹਾਡੀ PHI ਦੀ ਵਰਤੋਂ ਜਾਂ ਇਸ ਨੂੰ ਸਾਂਝਾ ਕਰਦੇ ਹਾਂ।

**ਤੁਹਾਡਾ ਇਲਾਜ ਕਰਨ ਲਈ**

ਅਸੀਂ ਤੁਹਾਡੀ PHI ਦੀ ਵਰਤੋਂ ਕਰ ਸਕਦੇ ਹਾਂ ਅਤੇ ਇਸਨੂੰ ਦੂਜੇ ਪੇਸ਼ੇਵਰਾਂ ਨਾਲ ਸਾਂਝਾ ਕਰ ਸਕਦੇ ਹਾਂ ਜੋ ਤੁਹਾਡਾ ਇਲਾਜ ਕਰ ਰਹੇ ਹਨ।

ਉਦਾਹਰਨ*:* ਲਾਗ ਲਈ ਤੁਹਾਡਾ ਇਲਾਜ *ਕਰ ਰਿਹਾ* ਡਾਕਟਰ ਲੈਬ ਨੂੰ ਡਾਇਗਨੌਸਟਿਕ ਆਰਡਰ ਭੇਜਦਾ ਹੈ।
ਉਦਾਹਰਨ*:* ਅਸੀਂ *ਉਸ* ਫਾਰਮੇਸੀ ਨਾਲ ਤੁਹਾਡੇ ਬਾਰੇ *PHI* ਸਾਂਝਾ ਕਰਾਂਗੇ ਜੋ ਤੁਹਾ*ਡਾ ਨੁਸਖ਼ਾ (prescription)* ਭਰੇਗੀ।

**ਸਾਡੀ ਸੰਸਥਾ ਚਲਾਉਣ ਲਈ**

ਅਸੀਂ ਸਾਡੀ ਪ੍ਰੈਕਟਿਸ ਨੂੰ ਚਲਾਉਣ, ਤੁਹਾਡੀ ਦੇਖਭਾਲ ਨੂੰ ਬਿਹਤਰ ਬਣਾਉਣ, ਅਤੇ ਲੋੜ ਪੈਣ 'ਤੇ ਤੁਹਾਡੇ ਨਾਲ ਸੰਪਰਕ ਕਰਨ ਲਈ ਤੁਹਾਡੀ PHI ਦੀ ਵਰਤੋਂ ਅਤੇ ਇਸ ਨੂੰ ਸਾਂਝਾ ਕਰ ਸਕਦੇ ਹਾਂ। ਉਦਾਹਰਨ*:* ਅਸੀਂ ਤੁਹਾਡੇ ਇਲਾਜ ਅਤੇ ਸੇਵਾਵਾਂ ਦਾ ਪ੍ਰਬੰਧਨ ਕਰਨ ਲਈ ਤੁਹਾਡੇ ਬਾਰੇ *PHI* ਦੀ ਵਰਤੋਂ ਕਰਦੇ ਹਾਂ।

**ਤੁਹਾਡੀਆਂ ਸੇਵਾਵਾਂ ਲਈ ਬਿੱਲ ਦੇਣ ਲਈ**

ਅਸੀਂ ਸਿਹਤ ਯੋਜਨਾਵਾਂ ਜਾਂ ਹੋਰ ਸੰਸਥਾਵਾਂ ਤੋਂ ਭੁਗਤਾਨ ਪ੍ਰਾਪਤ ਕਰਨ ਅਤੇ ਬਿੱਲ ਦੇਣ ਲਈ ਤੁਹਾਡੀ PHI ਦੀ ਵਰਤੋਂ ਅਤੇ ਇਸ ਨੂੰ ਸਾਂਝਾ ਕਰ ਸਕਦੇ ਹਾਂ।

ਉਦਾਹਰਨ*:* ਜੇਕਰ ਤੁਹਾਡਾ ਸਿਹਤ ਬੀਮਾ ਤੁਹਾਡੇ ਇਲਾਜ ਲਈ ਭੁਗਤਾਨ ਕਰ ਰਿਹਾ ਹੈ, ਤਾਂ ਅਸੀਂ ਤੁਹਾਡੀ ਸਿਹਤ ਬੀਮਾ ਯੋਜਨਾ ਨਾਲ ਤੁਹਾਡੇ ਬਾਰੇ *PHI ਨੂੰ* ਸਾਂਝਾ ਕਰਦੇ ਹਾਂ ਤਾਂ ਜੋ ਇਹ ਤੁਹਾਡੀਆਂ ਸੇਵਾਵਾਂ ਲਈ ਭੁਗਤਾਨ ਕਰੇਗੀ।

## ਅਸੀਂ ਤੁਹਾਡੀ PHI ਦੀ ਵਰਤੋਂ ਜਾਂ ਸਾਂਝਾ ਕਿਵੇਂ ਕਰ ਸਕਦੇ ਹਾਂ?

ਸਾਨੂੰ ਤੁਹਾਡੀ PHI ਨੂੰ ਹੋਰ ਤਰੀਕਿਆਂ ਨਾਲ ਸਾਂਝਾ ਕਰਨ ਦੀ ਇਜਾਜ਼ਤ ਹੈ ਜਾਂ ਲੋੜ ਹੈ - ਆਮ ਤੌਰ 'ਤੇ ਉਹਨਾਂ ਤਰੀਕਿਆਂ ਨਾਲ ਜੋ ਜਨਤਕ ਭਲੇ ਵਿੱਚ ਯੋਗਦਾਨ ਪਾਉਂਦੇ ਹਨ, ਜਿਵੇਂ ਕਿ ਜਨਤਕ ਸਿਹਤ ਅਤੇ ਖੋਜ। ਇਹਨਾਂ ਉਦੇਸ਼ਾਂ ਲਈ ਤੁਹਾਡੀ PHI ਨੂੰ ਸਾਂਝਾ ਕਰਨ ਤੋਂ ਪਹਿਲਾਂ ਸਾਨੂੰ ਕਾਨੂੰਨ ਵਿੱਚ ਕਈ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ। ਹੋਰ ਜਾਣਕਾਰੀ ਲਈ ਦੇਖੋ: www.hhs.gov/ocr/privacy/ hipaa/understanding/consumers/index.html।

**ਜਨਤਕ ਸਿਹਤ ਅਤੇ ਸੁਰੱਖਿਆ ਮੁੱਦਿਆਂ ਵਿੱਚ ਮਦਦ ਕਰਨ ਲਈ**

ਅਸੀਂ ਕੁਝ ਸਥਿਤੀਆਂ ਲਈ ਤੁਹਾਡੇ ਬਾਰੇ PHI ਨੂੰ ਸਾਂਝਾ ਕਰ ਸਕਦੇ ਹਾਂ ਜਿਵੇਂ ਕਿ:

- ਬਿਮਾਰੀ ਨੂੰ ਰੋਕਣਾ
- ਉਤਪਾਦ ਵਾਪਸ ਮੰਗਵਾਉਣ ਵਿੱਚ ਮਦਦ ਕਰਨਾ
- ਦਵਾਈਆਂ ਪ੍ਰਤੀ ਮਾੜੇ ਪ੍ਰਤੀਕਰਮਾਂ ਦੀ ਰਿਪੋਰਟ ਕਰਨਾ
- ਸ਼ੱਕੀ ਦੁਰਵਿਵਹਾਰ, ਅਣਗਹਿਲੀ, ਜਾਂ ਘਰੇਲੂ ਹਿੰਸਾ ਦੀ ਰਿਪੋਰਟ ਕਰਨਾ

- ਕਿਸੇ ਦੀ ਸਿਹਤ ਜਾਂ ਸੁਰੱਖਿਆ ਲਈ ਗੰਭੀਰ ਖਤਰੇ ਨੂੰ ਰੋਕਣਾ ਜਾਂ ਘਟਾਉਣਾ

**ਖੋਜ ਕਰਨ ਲਈ**

ਅਸੀਂ ਸਿਹਤ ਸੰਬੰਧੀ ਖੋਜ ਲਈ ਤੁਹਾਡੀ PHI ਦੀ ਵਰਤੋਂ ਜਾਂ ਇਸ ਨੂੰ ਸਾਂਝਾ ਕਰ ਸਕਦੇ ਹਾਂ।

**ਕਾਨੂੰਨ ਦੀ ਪਾਲਣਾ ਕਰਨ ਲਈ**

ਅਸੀਂ ਤੁਹਾਡੇ ਬਾਰੇ PHI ਨੂੰ ਸਾਂਝਾ ਕਰਾਂਗੇ ਜੇਕਰ ਰਾਜ ਜਾਂ ਸੰਘੀ ਕਾਨੂੰਨ ਇਸਦੀ ਮੰਗ ਕਰਦੇ ਹਨ, ਜਿਸ ਵਿੱਚ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੇ ਨਾਲ ਸਾਂਝਾ ਕਰਨਾ ਸ਼ਾਮਲ ਹੈ ਜੇਕਰ ਇਹ ਦੇਖਣਾ ਚਾਹੁੰਦਾ ਹੈ ਕਿ ਅਸੀਂ ਸੰਘੀ ਗੋਪਨੀਯਤਾ ਕਾਨੂੰਨ ਦੀ ਪਾਲਣਾ ਕਰ ਰਹੇ ਹਾਂ।

**ਅੰਗ ਅਤੇ ਟਿਸ਼ੂ ਦਾਨ ਦੀਆਂ ਬੇਨਤੀਆਂ ਦਾ ਜਵਾਬ ਦੇਣ ਲਈ**

ਅਸੀਂ ਅੰਗ ਪ੍ਰਾਪਤੀ ਸੰਸਥਾਵਾਂ ਨਾਲ ਤੁਹਾਡੇ ਬਾਰੇ PHI ਨੂੰ ਸਾਂਝਾ ਕਰ ਸਕਦੇ ਹਾਂ।

**ਮੈਡੀਕਲ ਜਾਂਚਕਰਤਾ ਜਾਂ ਅੰਤਿਮ ਸੰਸਕਾਰ ਨਿਰਦੇਸ਼ਕ ਨਾਲ ਕੰਮ ਕਰਨ ਲਈ**

ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਅਸੀਂ ਕੋਰੋਨਰ, ਮੈਡੀਕਲ ਜਾਂਚਕਰਤਾ, ਜਾਂ ਫਿਊਨਰਲ ਡਾਇਰੈਕਟਰ (ਅੰਤਿਮ ਸੰਸਕਾਰ ਨਿਰਦੇਸ਼ਕ) ਨਾਲ PHI ਨੂੰ ਸਾਂਝਾ ਕਰ ਸਕਦੇ ਹਾਂ।

**ਵਰਕਰਾਂ ਦੇ ਮੁਆਵਜ਼ੇ, ਕਾਨੂੰਨ ਲਾਗੂ ਕਰਨ, ਅਤੇ ਹੋਰ ਸਰਕਾਰੀ ਬੇਨਤੀਆਂ ਨੂੰ ਸੰਬੋਧਿਤ ਕਰਨ ਲਈ**

ਅਸੀਂ ਤੁਹਾਡੇ ਬਾਰੇ PHI ਦੀ ਵਰਤੋਂ ਜਾਂ ਇਸ ਨੂੰ ਸਾਂਝਾ ਕਰ ਸਕਦੇ ਹਾਂ:

- ਵਰਕਰਾਂ ਦੇ ਮੁਆਵਜ਼ੇ ਦੇ ਦਾਅਵਿਆਂ ਲਈ
- ਕਾਨੂੰਨ ਲਾਗੂ ਕਰਨ ਦੇ ਉਦੇਸ਼ਾਂ ਲਈ ਜਾਂ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਨਾਲ
- ਕਾਨੂੰਨ ਦੁਆਰਾ ਅਧਿਕਾਰਤ ਗਤੀਵਿਧੀਆਂ ਲਈ ਸਿਹਤ ਨਿਗਰਾਨੀ ਏਜੰਸੀਆਂ ਨਾਲ
- ਵਿਸ਼ੇਸ਼ ਸਰਕਾਰੀ ਕਾਰਜਾਂ ਜਿਵੇਂ ਕਿ ਫੌਜੀ, ਰਾਸ਼ਟਰੀ ਸੁਰੱਖਿਆ, ਅਤੇ ਰਾਸ਼ਟਰਪਤੀ ਸੁਰੱਖਿਆ ਸੇਵਾਵਾਂ ਲਈ

**ਮੁਕੱਦਮਿਆਂ ਅਤੇ ਕਾਨੂੰਨੀ ਕਾਰਵਾਈਆਂ ਦਾ ਜਵਾਬ ਦੇਣ ਲਈ**

ਅਸੀਂ ਅਦਾਲਤ ਜਾਂ ਪ੍ਰਸ਼ਾਸਕੀ ਆਦੇਸ਼ ਦੇ ਜਵਾਬ ਵਿੱਚ, ਜਾਂ ਸੰਮਨ ਦੇ ਜਵਾਬ ਵਿੱਚ ਤੁਹਾਡੇ ਬਾਰੇ PHI ਨੂੰ ਸਾਂਝਾ ਕਰ ਸਕਦੇ ਹਾਂ। ਅਸੀਂ ਤੁਹਾਨੂੰ ਤੁਹਾਡੀ PHI ਲਈ ਕਾਨੂੰਨੀ ਮੰਗਾਂ ਬਾਰੇ ਸੂਚਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਜਦੋਂ ਸਾਡੇ ਨਿਰਣੇ ਵਿੱਚ ਉਚਿਤ ਹੋਵੇ, ਜਦੋਂ ਤੱਕ ਕਾਨੂੰਨ ਜਾਂ ਅਦਾਲਤ ਦੇ ਆਦੇਸ਼ ਦੁਆਰਾ ਮਨਾਹੀ ਨਾ ਹੋਵੇ ਜਾਂ ਜਦੋਂ ਬੇਨਤੀ ਐਮਰਜੈਂਸੀ ਨਾ ਹੋਵੇ। ਅਸੀਂ ਅਜਿਹੀਆਂ ਮੰਗਾਂ ਦਾ ਵਿਵਾਦ ਕਰ ਸਕਦੇ ਹਾਂ ਜਦੋਂ ਸਾਨੂੰ ਵਿਸ਼ਵਾਸ ਹੁੰਦਾ ਹੈ, ਸਾਡੇ ਵਿਵੇਕ ਵਿੱਚ, ਕਿ ਬੇਨਤੀਆਂ ਬਹੁਤ ਜ਼ਿਆਦਾ ਵਿਆਪਕ, ਅਸਪਸ਼ਟ ਹਨ ਜਾਂ ਉਹਨਾਂ ਵਿੱਚ ਉਚਿਤ ਅਧਿਕਾਰ ਦੀ ਘਾਟ ਹੈ।

## ਸਾਡੀਆਂ ਜ਼ਿੰਮੇਵਾਰੀਆਂ

- ਸਾਨੂੰ ਕਾਨੂੰਨਨ ਤੁਹਾਡੀ PHI ਦੀ ਗੋਪਨੀਯਤਾ ਅਤੇ ਸੁਰੱਖਿਆ ਬਣਾਈ ਰੱਖਣ ਦੀ ਲੋੜ ਹੁੰਦੀ ਹੈ।
- ਜੇਕਰ ਕੋਈ ਉਲੰਘਣਾ ਹੁੰਦੀ ਹੈ ਜਿਸ ਨਾਲ ਤੁਹਾਡੀ PHI ਦੀ ਗੋਪਨੀਯਤਾ ਜਾਂ ਸੁਰੱਖਿਆ ਨਾਲ ਸਮਝੌਤਾ ਹੋਇਆ ਹੋ ਸਕਦਾ ਹੈ ਤਾਂ ਅਸੀਂ ਤੁਹਾਨੂੰ ਤੁਰੰਤ ਦੱਸਾਂਗੇ।
- ਸਾਨੂੰ ਇਸ ਨੋਟਿਸ ਵਿੱਚ ਵਰਣਨ ਕੀਤੇ ਗਏ ਕਰਤੱਵਾਂ ਅਤੇ ਗੋਪਨੀਯਤਾ ਅਭਿਆਸਾਂ ਦੀ ਲਾਜ਼ਮੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਤੁਹਾਨੂੰ ਇਸਦੀ ਇੱਕ ਕਾਪੀ ਦੇਣੀ ਚਾਹੀਦੀ ਹੈ।
- ਅਸੀਂ ਤੁਹਾਡੀ PHI ਨੂੰ ਇੱਥੇ ਦੱਸੇ ਗਏ ਤਰੀਕੇ ਤੋਂ ਇਲਾਵਾ ਨਹੀਂ ਵਰਤਾਂਗੇ ਜਾਂ ਸਾਂਝਾ ਨਹੀਂ ਕਰਾਂਗੇ ਜਦੋਂ ਤੱਕ ਤੁਸੀਂ ਸਾਨੂੰ ਲਿਖਤੀ ਰੂਪ ਵਿੱਚ ਨਹੀਂ ਦੱਸਦੇ ਕਿ ਅਸੀਂ ਕਰ ਸਕਦੇ ਹਾਂ। ਜੇ ਤੁਸੀਂ ਸਾਨੂੰ ਦੱਸਦੇ ਹੋ ਕਿ ਅਸੀਂ ਕਰ ਸਕਦੇ ਹਾਂ, ਤਾਂ ਤੁਸੀਂ ਕਿਸੇ ਵੀ ਸਮੇਂ ਆਪਣਾ ਮਨ ਬਦਲ ਸਕਦੇ ਹੋ। ਜੇਕਰ ਤੁਸੀਂ ਆਪਣਾ ਮਨ ਬਦਲਦੇ ਹੋ ਤਾਂ ਸਾਨੂੰ ਲਿਖਤੀ ਰੂਪ ਵਿੱਚ ਦੱਸੋ।

## ਪ੍ਰਭਾਵੀ ਮਿਤੀ

ਇਸ ਨੋਟਿਸ ਦੀ ਪ੍ਰਭਾਵੀ ਮਿਤੀ ਸਿਖਰ 'ਤੇ ਆਖਰੀ ਵਾਰ ਅੱਪਡੇਟ ਕੀਤੀ ਗਈ ਮਿਤੀ ਹੈ।

ਹੋਰ ਜਾਣਕਾਰੀ ਲਈ ਦੇਖੋ: www.hhs.gov/ocr/privacy/hipaa/understanding/consumers/noticepp.html।